# ਮਿਡਲ ਫਰੈਂਚ ਇਮਰਸ਼ਨ

## ਮਿਡਲ ਫਰੈਂਚ ਇਮਰਸ਼ਨ ਕੀ ਹੈ?

ਮਿਡਲ ਫਰੈਂਚ ਇਮਰਸ਼ਨ ਦੂਸਰੀ ਭਾਸ਼ਾ ਦੀ ਤਰ੍ਹਾਂ ਫਰੈਂਚ ਦਾ ਇੰਟੇਨਸਿਵ ਪ੍ਰੋਗਰਾਮ ਹੈ। ਇਹ ਪ੍ਰੋਗਰਾਮ ਗ੍ਰੇਡ 4 ਵਿੱਚ ਸ਼ੁਰੂ ਹੁੰਦਾ ਹੈ। ਮਿਡਲ ਫਰੈਂਚ ਇਮਰਸ਼ਨ ਪ੍ਰੋਗਰਾਮ ਦੇ ਲਈ ਸਿਖਲਾਈ ਦਾ ਮਾਡਲ ਗ੍ਰੇਡ 4 ਅਤੇ 5 ਲਈ 100% ਫਰੈਂਚ ਸਿਖਲਾਈ ਹੈ।ਗ੍ਰੇਡ 4 ਅਤੇ 5 ਵਿੱਚ ਸਾਰੀਆਂ ਗਤੀਵਿਧੀਆਂ ਫਰੈਂਚ ਵਿੱਚ ਸੰਚਾਲਿਤ ਕੀਤੀਆਂ ਜਾਂਦੀਆਂ ਹਨ। ਗ੍ਰੇਡ 6 ਤੋਂ 8 ਵਿੱਚ, ਫਰੈਂਚ ਸਿਖਲਾਈ ਦਾ ਮਾਡਲ 75% ਫਰੈਂਚ ਹੈ। ਅੰਗਰੇਜ਼ੀ ਭਾਸ਼ਾ ਅਤੇ ਸਾਇੰਸ ਦੇ ਅਪਵਾਦ ਦੇ ਨਾਲ ਸਾਰੇ ਵਿਸ਼ੇ ਫਰੈਂਚ ਵਿੱਚ ਪੜ੍ਹਾਏ ਜਾਣਗੇ। ਜੇ ਟਾਈਮਟੇਬਲਿੰਗ ਕਰਕੇ ਲੋੜ ਹੋਵੇ, ਤਾਂ ਇੱਕ ਸਪੈਸ਼ਲਿਸਟ ਪ੍ਰੋਗਰਾਮ (ਉਹਾਦਰਣ ਲਈ ਸਿਹਤ ਅਤੇ ਸਰੀਰਕ ਸਿੱਖਿਆ) ਅੰਗਰੇਜ਼ੀ ਵਿੱਚ ਪੜ੍ਹਾਇਆ ਜਾ ਸਕਦਾ ਹੈ।

## ਮਿਡਲ ਫਰੈਂਚ ਇਮਰਸ਼ਨ ਕਿਸ ਲਈ ਹੈ?

✓ਅਜਿਹੇ ਪਰਿਵਾਰਾਂ ਲਈ ਬਣਾਇਆ ਗਿਆ ਹੈ ਜਿਹੜੇ ਘਰ ਵਿੱਚ ਫਰੈਂਚ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹਨ।

✓ਗ੍ਰੇਡ 3 ਅੰਗਰੇਜ਼ੀ ਪ੍ਰੋਗਰਾਮ ਵਿਚਲੇ ਸਾਰੇ ਵਿਦਿਆਰਥੀ ਗ੍ਰੇਡ 4 ਵਿੱਚ ਸ਼ੁਰੂ ਕਰਨ ਲਈ ਅਪਲਾਈ ਕਰਨ ਲਈ ਯੋਗ ਹਨ।

✓ ਅਸੀਂ ਦ੍ਰਿੜਤਾ ਦੇ ਨਾਲ ਮੰਨਦੇ ਹਾਂ ਕਿ ਸਾਰੇ ਵਿਦਿਆਰਥੀ ਇੱਕ ਹੋਰ ਭਾਸ਼ਾ ਸਿੱਖਣ ਦੇ ਕਾਬਲ ਹਨ ਇਸ ਲਈ ਇਸ ਪ੍ਰੋਗਰਾਮ ਵਿੱਚ ਸਿੱਖਣ ਦੀਆਂ ਸਾਰੀਆਂ ਸ਼ੈਲੀਆਂ ਅਤੇ ਭਾਸ਼ਾ ਪਿਛੋਕੜਾਂ ਦੇ ਵਿਦਿਆਰਥੀਆਂ ਦਾ ਸਵਾਗਤ ਅਤੇ ਸਮਰਥਨ ਕੀਤਾ ਜਾਂਦਾ ਹੈ।

✓ ਮਿਡਲ ਫਰੈਂਚ ਇਮਰਸ਼ਨ ਪ੍ਰੋਗਰਾਮ ਉਨ੍ਹਾਂ ਪਰਿਵਾਰਾਂ ਲਈ ਸਹੀ ਹੈ ਜਿਹੜੇ ਫਰੈਂਚ ਵਿੱਚ ਮੁਹਾਰਤ ਵਿਕਸਤ ਕਰਨ ਦੇ ਮੌਕੇ ਵਿੱਚ ਦਿਲਚਸਪੀ ਰੱਖਦੇ ਹਨ, ਪਰ ਸੰਭਵ ਹੈ ਕਿ ਅਰਲੀ ਫਰੈਂਚ ਇਮਰਸ਼ਨ ਪ੍ਰਵੇਸ਼ ਮੁਕਾਮ ਤੋਂ ਬਾਅਦ ਟੀਡੀਐਸਬੀ ਵਿੱਚ ਆਏ ਹੋਣ।

✓ ਇਹ ਉਨ੍ਹਾਂ ਲਈ ਵੀ ਸਹੀ ਹੈ ਜਿਹੜੇ, ਕਿਸੇ ਵੀ ਕਾਰਨ ਲਈ, ਉਸ ਵੇਲੇ ਫਰੈਂਚ ਇਮਰਸ਼ਨ ਅਵਸਰ ਬਾਰੇ ਵਿਚਾਰ ਕਰਨਾ ਚਾਹੁੰਦੇ ਹਨ ਜਦੋਂ ਉਨ੍ਹਾਂ ਦਾ ਬੱਚਾ ਥੋੜ੍ਹਾ ਵੱਡਾ ਹੋ ਗਿਆ ਹੈ।

## ਮਿਡਲ ਇਮਰਸ਼ਨ ਪ੍ਰੋਗਰਾਮ ਦੇ ਲਾਭ

ਮਿਡਲ ਇਮਰਸ਼ਨ ਪ੍ਰੋਗਰਾਮ ਕਿਸੇ ਵੀ ਭਾਸ਼ਾ ਦੇ ਪਿਛੋਕੜ ਵਾਲੇ ਵਿਦਿਆਰਥੀਆਂ ਨੂੰ ਫਰੈਂਚ ਵਿੱਚ ਉੱਚੇ ਸਤਰ ਦੀ ਮੁਹਾਰਤ ਵਿਕਸਤ ਕਰਨ ਦਿੰਦਾ ਹੈ। ਇਸ ਢੰਗ ਨਾਲ ਕੋਈ ਹੋਰ ਭਾਸ਼ਾ ਪੜ੍ਹਨਾ ਵਿਦਿਆਰਥੀਆਂ ਲਈ ਇੰਨ੍ਹਾਂ ਸਮੇਤ ਕਈ ਸਾਰੇ ਹੋਰ ਲਾਭ ਵੀ ਪੇਸ਼ ਕਰਦਾ ਹੈ:

✓ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨ ਨੇ ਪ੍ਰਮੁੱਖ ਭਾਸ਼ਾ ਵਿੱਚ ਵਿਦਿਆਰਥੀਆਂ ਦੇ ਹੁਨਰਾਂ ਨੂੰ ਵਧਾਉਣ ਨੂੰ ਸਾਬਤ ਕੀਤਾ ਹੈ।

✓ ਭਾਸ਼ਾ ਸਿੱਖਣਾ ਹੋਰ ਬੌਧਿਕ ਲਾਭ ਪੇਸ਼ ਕਰਦਾ ਹੈ ਜਿਵੇਂ ਕਿ ਚਿੰਤਨ ਅਤੇ ਸਿੱਖਣ ਦੇ ਬਹੁਤ ਜ਼ਿਆਦਾ ਵਿਕਸਤ ਹੁਨਰ ਜਿਹੜੇ ਵਿਦਿਆਰਥੀ ਉਨ੍ਹਾਂ ਦੀ ਪੜ੍ਹਾਈ ਦੇ ਸਾਰੇ ਖੇਤਰਾਂ ਵਿੱਚ ਵਰਤਦੇ ਹਨ।

✓ ਇੱਕ ਤੋਂ ਵੱਧ ਭਾਸ਼ਾ ਵਿੱਚ ਮੁਹਾਰਤ ਭਵਿੱਖ ਵਾਸਤੇ ਵਿਦਿਆਰਥੀਆਂ ਦੇ ਲਈ ਅਵਸਰਾਂ ਦੇ ਦਰਵਾਜ਼ੇ ਖੋਲ੍ਹਦੀ ਹੈ।

✓ ਦੋਭਾਸ਼ੀ ਵਿਦਿਆਰਥੀ ਸਮੁੱਚੇ ਤੌਰ 'ਤੇ ਸੰਚਾਰ ਦੇ ਮਜ਼ਬੂਤ ਹੁਨਰ ਵਿਕਸਤ ਕਰਦੇ ਹਨ ਅਤੇ ਸੰਭਵ ਹੈ ਕਿ ਅਤਿਰਿਕਤ ਭਾਸ਼ਾਵਾਂ ਵੱਧ ਆਸਾਨੀ ਦੇ ਨਾਲ ਸਿੱਖਣ।

## ਐਪਲੀਕੇਸ਼ਨ ਜਾਣਕਾਰੀ

ਮਿਡਲ ਫਰੈਂਚ ਇਮਰਸ਼ਨ ਪ੍ਰੋਗਰਾਮ ਅਤੇ ਐਪਲੀਕੇਸ਼ਨ ਪ੍ਰਕਿਰਿਆ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ www.tdsb.on.ca/French'ਤੇ ਜਾਓ।

ਮੌਜੂਦਾ ਸਮੇਂ 'ਤੇ, ਮਿਡਲ ਫਰੈਂਚ ਇਮਰਸ਼ਨ ਪ੍ਰੋਗਰਾਮ ਵਾਸਤੇ ਐਪਲੀਕੇਸ਼ਨ ਵਿੰਡੋ ਹਰ ਸਾਲ ਦੀ **ਜਨਵਰੀ** ਵਿੱਚ ਹੈ। ਕਿਸੇ ਵੀ ਦਿੱਤੇ ਗਏ ਸਾਲ ਲਈ ਐਪਲੀਕੇਸ਼ਨ ਦੀਆਂ ਆਖਰੀ ਤਰੀਕਾਂ ਬਾਰੇ ਜਾਣਕਰੀ ਵਾਸਤੇ ਕਿਰਪਾ ਕਰਕੇ ਸਤੰਬਰ ਦੀ ਸ਼ੁਰੂਆਤ ਵਿੱਚ ਵੈੱਬਸਾਈਟ ਦੇਖੋ।

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਜਦਕਿ ਸਾਰੇ ਯੋਗ ਸਮੇਂ ਸਿਰ ਅਪਲਾਈ ਕਰਨ ਵਾਲੇ ਐਪਲੀਕੈਂਟਾਂ ਲਈ ਪ੍ਰੋਗਰਾਮ ਵਿੱਚ ਪਲੇਸਮੈਂਟ ਦੇ ਲਈ ਗਰੰਟੀ ਦਿੱਤੀ ਜਾਂਦੀ ਹੈ, ਕਿਸੇ ਖਾਸ ਸਕੂਲ ਵਿੱਚ ਪਲੇਸਮੈਂਟ ਦੀ ਗਰੰਟੀ **ਨਹੀਂ** ਦਿੱਤੀ ਜਾਂਦੀ ਹੈ।

# ਖੋਜ ਕੀ ਕਹਿੰਦੀ ਹੈ?

"ਇੱਕ ਭਾਸ਼ਾ ਵਿੱਚ 'ਇਮਰਸ਼ਨ' ਦੀ ਇੱਕ ਇਨਟੇਨਸਿਵ ਖੁਰਾਕ ਆਮਤੌਰ 'ਤੇ ਉਸ ਨੂੰ ਸਿੱਖਣ ਲਈ ਲੰਬੇ ਸਮੇਂ ਵਿੱਚ ਫੈਲੀ ਹੋਈ ਸਮਾਨ ਖੁਰਾਕ ਤੋਂ ਵੱਧ ਪ੍ਰਭਾਵਸ਼ਾਲੀ ਹੁੰਦੀ ਹੈ।"
(ਵੈਸ਼ੇ (Weshce), 2002)

ਅੰਕੜਿਆਂ ਨੇ ਦਰਸਾਇਆ ਕਿ ਫਰੈਂਚ-ਇਮਰਸ਼ਨ ਵਿੱਚ ਦਾਖਲ ਬੱਚਿਆਂ ਨੇ ਪੜ੍ਹਨ (reading) ਦੇ ਪ੍ਰਦਰਸ਼ਨ ਵਿੱਚ ਗੈਰ-ਇਮਰਸ਼ਨ ਪ੍ਰੋਗਰਾਮਾਂ ਵਿੱਚ ਉਨ੍ਹਾਂ ਦੇ ਹਾਣੀਆਂ ਤੋਂ ਬਿਹਤਰ ਪ੍ਰਦਰਸ਼ਨ ਕੀਤਾ।
https://www150.statcan.gc.ca/n1/daily-quotidien/040322/dq040322a-eng.htm

"ਐਫਆਈ (FI) ਵਿਚਲੇ ਵਿਦਿਆਰਥੀ ਫਰੈਂਚ ਵਿੱਚ ਉੱਨਤ ਮੁਹਾਰਤ ਦੇ ਨਾਲ ਹੀ ਸਕੂਲੀ ਸਮੱਗਰੀ (ਸਾਇੰਸ, ਸੋਸ਼ਲ ਸਟਡੀਜ਼, ਗਣਿਤ, ਆਦਿ) ਦੀ ਮੁਹਾਰਤ ਪ੍ਰਾਪਤ ਕਰਦੇ ਹਨ, ਇਸ ਸਮੱਗਰੀ ਨੂੰ ਅੰਗਰੇਜ਼ੀ ਵਿੱਚ ਪੜ੍ਹ ਰਹੇ ਮਿਲਦੇ ਜੁਲਦੇ ਵਿਦਿਆਰਥੀਆਂ ਦੇ ਬਰਾਬਰ।" (ਵੈਸ਼ੇ (Wesche), 2002)

ਕੈਨੇਡਾ ਦੇ ਵੱਖ ਵੱਖ ਹਿੱਸਿਆਂ ਤੋਂ ਅਧਿਐਨਾਂ ਨੇ ਅੰਗਰੇਜ਼ੀ ਵਿੱਚ ਟੈਸਟ ਕੀਤੇ ਜਾਣ ਤੇ EFI ਜਾਂ MFI ਐਲੀਮੈਂਟਰੀ ਸਕੂਲ ਇਮਰਸ਼ਨ ਵਿਦਿਆਰਥੀਆਂ ਲਈ ਗਣਿਤ, ਸਾਇੰਸ ਅਤੇ ਸੋਸ਼ਲ ਸਟਡੀਜ਼ ਪ੍ਰਾਪਤੀਆਂ ਵਿੱਚ ਕੋਈ ਨਕਾਰਾਤਮਕ ਪ੍ਰਭਾਵ ਨਹੀਂ ਦੇਖੇ।
(ਵੈਸ਼ੇ (Wesche), 2002)

ਹਾਲਾਂਕਿ ਸੰਭਵ ਹੈ ਕਿ ਬੱਚੇ ਦੀ ਪਹਿਲੀ ਭਾਸ਼ਾ ਸਮਾਜਿਕ ਭਾਸ਼ਾ ਨਾ ਹੋਵੇ, ਬੱਚੇ ਇੱਕੋ ਸਮੇਂ ਅੰਗਰੇਜ਼ੀ ਨੂੰ ਦੂਸਰੀ ਭਾਸ਼ਾ ਦੀ ਤਰ੍ਹਾਂ ਸਿੱਖਣ ਦੌਰਾਨ, ਸਫਲਤਾਪੂਰਕ ਇੱਕ ਹੋਰ ਭਾਸ਼ਾ, ਜਿਵੇਂ ਕਿ ਫਰੈਂਚ, ਸਿੱਖ ਸਕਦੇ ਹਨ। (ਓਬਰਾਇੰਨ (O'Brien), 2017)

ਦੂਸਰੀ-ਭਾਸ਼ਾ ਸੰਬੰਧੀ ਹੁਨਰਾਂ ਦੀ ਅਕਸਰ ਸੰਭਾਵੀ ਰੋਜ਼ਗਾਰਦਾਤਾਵਾਂ ਦੁਆਰਾ ਵੱਧ ਕਦਰ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਉਮੀਦ ਕੀਤੀ ਜਾਂਦੀ ਹੈ।
(ਓਬਰਾਇੰਨ (O'Brien), 2017)

50% ਪ੍ਰੋਗਰਾਮ ਦੀ 80% ਫਰੈਂਚ ਪ੍ਰੋਗਰਾਮ ਨਾਲ ਤੁਲਨਾ ਕਰਨ ਵਾਲੇ ਅਧਿਐਨ ਵਿੱਚ ਦੇਖਿਆ ਗਿਆ ਕਿ ਗਣਿਤ ਨੂੰ ਫਰੈਂਚ ਵਿੱਚ ਪੜ੍ਹਾ ਤੇ ਫਰੈਂਚ ਇਮਰਸ਼ਨ ਪ੍ਰੋਗਰਾਮ ਵਿੱਚ ਫਰੈਂਚ ਦੀ ਤੀਬਰਤਾ ਨੂੰ ਵਧਾਉਣਾ ਮਜ਼ਬੂਤ ਢੰਗ ਨਾਲ ਗਣਿਤ ਸੰਬੰਧੀ ਪ੍ਰਾਪਤੀ 'ਤੇ ਸਕਾਰਾਤਮਕ ਪ੍ਰਭਾਵ ਨਾਲ ਜੁੜਿਆ ਹੋਇਆ ਹੈ। (ਬੂਰਨੋ-ਟ੍ਰਾਈਟਸ ਅਤੇ ਰੀਡਰ (Bournot-Trites & Reader), 2001)

**ਗ੍ਰੰਥਸੂਚੀ**


Bournot-Trites & Reader (2001) Interdependence Revisited: Mathematics Achievement in an Intensified French Immersion program, Canadian Modern Languages Review (58/1) September.

Wesche, M.B. (2002) Early French Immersion: How has the original Canadian model stood the test of time? An Integrated View of Language Development, Petra Burmeister, Thorsten Piske, and Andreas Rohde (Eds), WVT Wissenschaftlicher Verlag Trier www.fmks-online.de/_wd_showdoc.php?pic=865.

Statistics Canada, (2004) Student Reading Performance in Minority Language Schools. https://www150.statcan.gc.ca/n1/daily-quotidien/040322/dq040322a-eng.htm

O'Brien (2017) Literature Review on the Impact of Second Language Learning, Canadian Association of Second Language Teachers https://www.caslt.org/files/pd/resources/research/Lit-review-Impact-L2-Learning-Exec-Summary.pdf